ਦਫਤਰ ਨਿਗਰਾਨ ਇੰਜੀਨੀਅਰ,
ਜਲ ਸਪਲਾਈ ਅਤੇ ਸੈਨੀਟੇਸ਼ਨ ਹਲਕਾ ,ਪੰਜਾਬ ,ਚੰਡੀਗੜ੍ਹ
ਐਸ.ਸੀ.ਓ ਨੰਬਰ 158-159, ਤੀਜੀ ਮੰਜਿਲ ਸੈਕਟਰ 34-ਏ ਚੰਡੀਗੜ੍ਹ
Email circlechandigarh@gmail.com Phone No 0172-2607702

ਸੇਵਾ ਵਿਖੇ,

ਮੁੱਖ ਇੰਜੀਨੀਅਰ,
ਪੰਜਾਬ ਜਲ ਸਪਲਾਈ ਅਤੇ ਸੀਵਰੇਜ਼ ਬੋਰਡ,
ਪਟਿਆਲਾ।

ਮੀਮੋ ਨੰ: / ਮਿਤੀ:

ਵਿਸ਼ਾ:- **ਪਿੰਡ ਪਪਰਾਲਾ, ਰੈਲੋਂ ਖੁਰਦ ਅਤੇ ਰਸੂਲਪੁਰ ਦੇ ਸੀਵਰ ਨੂੰ ਰੂਪਨਗਰ ਸ਼ਹਿਰ ਦੇ ਸੀਵਰ ਨਾਲ ਜੋੜਨ ਬਾਰੇ।**

ਉਪਰੋਕਤ ਵਿਸ਼ੇ ਸਬੰਧ ਵਿੱਚ ਇਸ ਹਲਕਾ ਦਫਤਰ ਅਧੀਨ ਆਉਂਦੇ ਰੂਪਨਗਰ ਬਲਾਕ ਦੇ ਪਿੰਡ ਪਪਰਾਲਾ, ਰੈਲੋਂ ਖੁਰਦ ਅਤੇ ਰਸੂਲਪੁਰ ਵਿੱਚ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਚਲਾਏ ਜਾ ਰਹੇ ਪੰਜਾਬ ਰੂਰਲ ਵਾਟਰ ਸਪਲਾਈ ਐਂਡ ਸੈਨੀਟੇਸ਼ਨ ਸੈਕਟਰ ਇੰਪਰੂਵਮੈਂਟ ਪ੍ਰੋਜੈਕਟ (**PRWSSIP-II**) ਅਧੀਨ ਸੀਵਰੇਜ ਦੀ ਸਹੂਲਤ ਮੁਹੱਈਆ ਕਰਵਾਉਣ ਦੀ ਤਜਵੀਜ਼ ਹੈ। ਇਸ ਸਬੰਧ ਵਿੱਚ ਵਿਸ਼ਵ ਬੈਂਕ ਵੱਲੋਂ ਸਹਿਮਤੀ ਦਿੱਤੀ ਗਈ ਹੈ ਕਿ ਜੇਕਰ ਇਨ੍ਹਾਂ ਪਿੰਡਾਂ ਦੇ ਸੀਵਰੇਜ ਸਿਸਟਮ ਨੂੰ ਸ਼ਹਿਰੀ ਸੀਵਰ ਨਾਲ ਜੋੜ ਦਿੱਤਾ ਜਾਂਦਾ ਹੈ ਤਾਂ ਵਿਸ਼ਵ ਬੈਂਕ ਇਸ ਕੰਮ ਤੇ ਹੋਣ ਵਾਲੇ ਸਾਰੇ ਖਰਚੇ ਲਈ ਫੰਡਜ਼ ਮੁਹੱਈਆ ਕਰਵਾਏਗਾ। ਇਸ ਸਬੰਧ ਵਿੱਚ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ:2 ਰੂਪਨਗਰ ਵੱਲੋਂ ਆਪਣੇ ਪੱਤਰ ਨੰ: 5844 ਮਿਤੀ 20-08-2018 ਰਾਹੀਂ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੀਵਰੇਜ ਮੰਡਲ ਰੂਪਨਗਰ ਨੂੰ ਵਿਸ਼ੇ ਅਧੀਨ ਪਿੰਡਾਂ ਦੇ ਸੀਵੇਜ ਡਿਸਚਾਰਜ ਨੂੰ ਮੇਨ ਸੀਵਰ ਨਾਲ ਜੋੜਨ ਦੀ ਮੰਨਜ਼ੂਰੀ ਜਾਰੀ ਕਰਨ ਹਿੱਤ ਲਿਖਿਆ ਗਿਆ ਹੈ ਅਤੇ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੀਵਰੇਜ ਮੰਡਲ ਰੂਪਨਗਰ ਵੱਲੋਂ ਲੋੜੀਂਦੀ ਮੰਨਜ਼ੂਰੀ ਸਬੰਧੀ ਕੇਸ ਨਿਗਰਾਨ ਇੰਜੀਨੀਅਰ, ਜਲ ਸਪਲਾਈ ਅਤੇ ਸੀਵਰੇਜ ਹਲਕਾ, ਪਟਿਆਲਾ ਜੀ ਨੂੰ ਭੇਜਿਆ ਜਾ ਚੁੱਕਾ ਹੈ।

ਉਪਰੋਕਤ ਦੇ ਸਬੰਧ ਵਿੱਚ ਦੱਸਿਆਂ ਜਾਂਦਾ ਹੈ ਕਿ ਇਨ੍ਹਾਂ ਪਿੰਡਾਂ ਦੀ ਸਥਿਤੀ ਰੂਪਨਗਰ ਸ਼ਹਿਰ ਦੇ ਬਿਲਕੁਲ ਨਾਲ ਪੈਂਦੀ ਹੈ ਅਤੇ ਸ਼ਹਿਰ ਦੀ ਭੂਗੋਲਿਕ ਸਥਿਤੀ ਅਨੁਸਾਰ ਹੱਦ ਬੰਦੀ ਵਿੱਚ ਵਾਧਾ ਇਨ੍ਹਾਂ ਪਿੰਡਾਂ ਵੱਲ ਹੀ ਹੋਣ ਦੀ ਸੰਭਾਵਨਾ ਹੈ, ਜਿਸ ਅਨੁਸਾਰ ਇਨ੍ਹਾਂ ਪਿੰਡਾਂ ਦੀ ਨਗਰ ਕੌਂਸਿਲ ਦੀ ਹੱਦ ਵਿੱਚ ਆਉਣ ਦੀ ਪੂਰੀ ਸੰਭਾਵਨਾ ਹੈ। ਇਸ ਤੋਂ ਇਲਾਵਾ ਇਨ੍ਹਾਂ ਪਿੰਡਾਂ ਦੀ ਕੁਝ ਸ਼ਾਮਲਾਟ ਜ਼ਮੀਨ ਪਹਿਲਾਂ ਹੀ ਨਗਰ ਕੌਂਸਲ ਦੀ ਹੱਦ ਅਧੀਨ ਆ ਚੁੱਕੀ ਹੈ ਅਤੇ ਰੂਪਨਗਰ ਪਾਰਟ-2 ਏਰੀਏ ਦੇ ਸੀਵਰੇਜ ਸਿਸਟਮ ਅਧੀਨ 2.50 **MLD** ਸਮਰੱਥਾ ਦਾ ਸੀਵੇਜ ਟਰੀਟਮੈਂਟ ਪਲਾਂਟ ਪਿੰਡ ਰਸੂਲਪੁਰ ਦੀ ਜ਼ਮੀਨ ਵਿੱਚ ਸਥਾਪਤ ਕੀਤਾ ਗਿਆ ਹੈ। ਇਸ ਲਈ ਇਨ੍ਹਾਂ ਪਿੰਡਾਂ ਦੇ ਸੀਵਰੇਜ ਸਿਸਟਮ ਨੂੰ ਰੂਪਨਗਰ ਸ਼ਹਿਰ ਦੇ ਸੀਵਰੇਜ ਸਿਸਟਮ ਨਾਲ ਜੋੜਨ ਦੀ ਪ੍ਰਵਾਨਗੀ ਦੇਣ ਦੀ ਕਿਰਪਾਲਤਾ ਕੀਤੀ ਜਾਵੇ ਤਾਂ ਜੋ ਉਸ ਮੁਤਾਬਿਕ ਤਜਵੀਜ ਤਿਆਰ ਕਰਕੇ ਅਗਲੀ ਕਾਰਵਾਈ ਸ਼ੁਰੂ ਕੀਤੀ ਜਾ ਸਕੇ। ਇਸ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਇਨ੍ਹਾਂ 3 ਨੰ: ਪਿੰਡਾਂ ਦਾ ਰੋਜਾਨਾ ਡਿਜ਼ਾਈਨ ਸੀਵੇਜ ਡਿਸਚਾਰਜ 0.17 **MLD** ਬਣਦਾ ਹੈ ਅਤੇ ਇਨ੍ਹਾਂ ਪਿੰਡਾਂ ਦੇ ਸੀਵੇਜ ਡਿਸਚਾਰਜ ਨੂੰ ਰਸੂਲਪੁਰ **STP** ਵਿੱਚ ਪਾਉਣ ਲਈ ਨਗਰ ਕੌਂਸਲ ਰੂਪਨਗਰ ਵੱਲੋਂ ਮਤੇ ਨੂੰ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ ਜੀ (ਕਾਪੀ ਨੱਥੀ ਹੈ)।

ਉਪਰੋਕਤ ਦੇ ਸਬੰਧ ਵਿੱਚ ਤਜਵੀਜ਼ ਅਧੀਨ ਲਏ ਜਾ ਰਹੇ ਪਿੰਡਾਂ ਦੀ ਸਥਿਤੀ ਅਤੇ 2.50 **MLD** ਸੀਵੇਜ ਟਰੀਟਮੈਂਟ ਪਲਾਂਟ ਦੀ ਸਾਈਟ ਦਰਸਾਉਂਦਾ ਕੀ- ਪਲੈਨ ਆਪ ਜੀ ਦੀ ਅਗਲੀ ਕਾਰਵਾਈ ਹਿੱਤ ਨੱਥੀ ਕੀਤਾ ਜਾਂਦਾ ਹੈ ਜੀ।

ਨੱਥੀ/- ਉਕਤ ਅਨੁਸਾਰ

ਪਿੱਠ ਅੰਕਣ ਨੰ: ਬਜਟ/ 22533

ਉਪਰੋਕਤ ਦੀ ਨਕਲ ਮਾਣਯੋਗ ਮੁੱਖ ਕਾਰਜਕਾਰੀ ਅਫਸਰ, ਪੰਜਾਬ, ਜਲ ਸਪਲਾਈ ਅਤੇ ਸੀਵਰੇਜ਼ ਬੋਰਡ ਚੰਡੀਗੜ੍ਹ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਨਿਗਰਾਨ ਇੰਜੀਨੀਅਰ

ਮਿਤੀ:- 17-12-18

ਪਿੱਠ ਅੰਕਣ ਨੰ: ਬਜਟ/ 22534

ਉਪਰੋਕਤ ਦੀ ਨਕਲ ਮਾਣਯੋਗ ਮੁੱਖੀ, ਜਲ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਐੱਸ. ਏ. ਐੱਸ. ਨਗਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਵਿਸ਼ੇ ਅਧੀਨ ਪਿੰਡਾਂ ਵਿੱਚ ਤਜਵੀਜ਼ ਕੀਤੇ ਜਾ ਰਹੇ ਸੀਵਰੇਜ਼ ਸਿਸਟਮ ਨੂੰ ਰੂਪਨਗਰ ਸ਼ਹਿਰ ਦੇ ਸੀਵਰੇਜ਼ ਸਿਸਟਮ ਨਾਲ ਜੋੜਨ ਲਈ ਲੋੜੀਂਦੀ ਪ੍ਰਵਾਨਗੀ ਲਈ ਉੱਚ ਪੱਧਰ ਤੇ ਵੀ ਮਾਮਲਾ ਪੰਜਾਬ ਜਲ ਸਪਲਾਈ ਅਤੇ ਸੀਵਰੇਜ਼ ਬੋਰਡ ਨਾਲ ਟੇਕ-ਅੱਪ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਨੱਥੀ:- ਉਕਤ ਅਨੁਸਾਰ

ਨਿਗਰਾਨ ਇੰਜੀਨੀਅਰ

ਮਿਤੀ:- 17-12-18

ਪਿੱਠ ਅੰਕਣ ਨੰ: ਬਜਟ/ 22535

ਉਪਰੋਕਤ ਦੀ ਨਕਲ ਮੁੱਖ ਇੰਜੀਨੀਅਰ (ਦੱਖਣ) ਪੰਜਾਬ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪਟਿਆਲਾ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਨਿਗਰਾਨ ਇੰਜੀਨੀਅਰ

ਮਿਤੀ:- 17-12-18

ਪਿੱਠ ਅੰਕਣ ਨੰ: ਬਜਟ/ 22536

ਉਪਰੋਕਤ ਦੀ ਨਕਲ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ: 2 ਰੂਪਨਗਰ ਨੂੰ ਉਹਨਾਂ ਦੇ ਦਫਤਰ ਦੇ ਪੱਤਰ ਨੰ: 8034 ਮਿਤੀ 14.12.2018 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜੀ ਜਾਂਦੀ ਹੈ।

ਨਿਗਰਾਨ ਇੰਜੀਨੀਅਰ

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ
ਪਲਾਟ ਨੰ:1-ਬੀ, ਸੈਕਟਰ 27-ਏ, ਚੰਡੀਗੜ੍ਹ

ਪਿੱਠ ਅੰਕਣ ਨੰ: ਪਵਸਸਬ-2018/ਵ-1/23556 ਮਿਤੀ: 28/12/18

ਉਪਰੋਕਤ ਦੀ ਨਕਲ ਮੁੱਖ ਇੰਜੀਨੀਅਰ(ਮੁੱਖ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਮੋਹਾਲੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

27/12